ਦਫ਼ਤਰ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀ ਮੰਜਿਲ, ਫੇਜ਼-8, ਅਜੀਤਗੜ੍ਹ, (ਪੰਜਾਬ)

ਫੋਨ ਨੰ:0172-5212304, ਈ.ਮੇਲ: aspdsst@gmail.com

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ),
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐੱਸ.ਐੱਸ/2013/014147
ਮਿਤੀ : ਅਜੀਤਗੜ੍ਹ 29.8.2013

ਵਿਸ਼ਾ:- ਚੌਥੀ ਤੋਂ ਅੱਠਵੀਂ ਦੇ ਸੰਕਲਿਤ ਮੁਲਾਂਕਣ (SA1) ਅਤੇ ਨੌਵੀਂ, ਦੱਸਵੀ ਦੀ ਸਤੰਬਰ ਪ੍ਰੀਖਿਆ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਤੰਬਰ ਮਹੀਨੇ ਵਿੱਚ ਚੌਥੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਦਾ SA1 ਸਤੰਬਰ ਸੰਕਲਿਤ ਮੁਲਾਂਕਣ ਹੋਣਾ ਹੈ ਅਤੇ ਇਸੇ ਤਰ੍ਹਾਂ ਨੌਵੀ, ਦਸਵੀਂ ਜਮਾਤ ਲਈ ਸਤੰਬਰ ਪ੍ਰੀਖਿਆ ਹੋਣੀ ਹੈ। ਇਸ ਨੂੰ ਮੱਦੇਨਜ਼ਰ ਰੱਖਦਿਆਂ ਹੋਇਆ ਕਿ ਵਿਦਿਆਰਥੀ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਪੂਰਨ ਰੂਪ ਵਿੱਚ ਦੁਹਰਾਈ ਕਰ ਸਕਣ ਅਤੇ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਸੰਜੀਦਾ ਹੋ ਜਾਣ, ਸਮਾਂ ਸਾਰਨੀ ਜਾਰੀ ਕੀਤੀ ਜਾ ਰਹੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ :

### ਸੰਕਲਿਤ ਮੁਲਾਂਕਣ 1 (SA1) / ਨੌਵੀਂ ਦਸਵੀਂ ਦੀ ਸਤੰਬਰ ਪ੍ਰੀਖਿਆ ਲਈ ਸਮਾਂ ਸਾਰਨੀ

| ਲੜੀ ਨੰ. | ਮਿਤੀ | ਦਿਨ | ਦਸਵੀਂ | ਨੌਵੀਂ | ਅੱਠਵੀਂ | ਸੱਤਵੀਂ | ਛੇਵੀਂ | ਪੰਜਵੀਂ | ਚੌਥੀ |
|---|---|---|---|---|---|---|---|---|---|
| 1. | 13.09.2013 | ਸ਼ੁੱਕਰਵਾਰ | ਸਾਇੰਸ | ਗਣਿਤ | ਅੰਗਰੇਜੀ | ਹਿੰਦੀ | ਪੰਜਾਬੀ | - | - |
| 2. | 16.09.2013 | ਸੋਮਵਾਰ | ਗਣਿਤ | ਅੰਗਰੇਜੀ | ਸਮਾਜਿਕ ਸਿੱਖਿਆ | ਸਾਇੰਸ | ਸਾਇੰਸ | - | |
| 3. | 17.09.2013 | ਮੰਗਲਵਾਰ | ਹਿੰਦੀ | ਸਰੀਰਿਕ ਸਿੱਖਿਆ | ਕੰਪਿਊਟਰ | ਪੰਜਾਬੀ | ਸਮਾਜਿਕ ਸਿੱਖਿਆ | ਅੰਗਰੇਜੀ | ਗਣਿਤ |
| 4. | 18.09.2013 | ਬੁੱਧਵਾਰ | ਪੰਜਾਬੀ ਏ | ਹਿੰਦੀ | ਗਣਿਤ | ਚੋਣਵਾਂ ਵਿਸ਼ਾ | ਸਰੀਰਿਕ ਸਿੱਖਿਆ | ਪੰਜਾਬੀ | ਹਿੰਦੀ |
| 5. | 19.09.2013 | ਵੀਰਵਾਰ | ਪੰਜਾਬੀ ਬੀ | ਪੰਜਾਬੀ ਏ | ਚੋਣਵਾਂ ਵਿਸ਼ਾ | ਗਣਿਤ | ਅੰਗਰੇਜੀ | - | - |
| 6. | 20.09.2013 | ਸ਼ੁੱਕਰਵਾਰ | ਸਮਾਜਿਕ ਸਿੱਖਿਆ | ਪੰਜਾਬੀ ਬੀ | ਪੰਜਾਬੀ | ਕੰਪਿਊਟਰ | ਚੋਣਵਾਂ ਵਿਸ਼ਾ | ਵਾਤਾਵਰਨ ਸਿੱਖਿਆ | ਵਾਤਾਵਰਨ ਸਿੱਖਿਆ |
| 7. | 21.09.2013 | ਸ਼ਨੀਵਾਰ | ਸਰੀਰਿਕ ਸਿੱਖਿਆ | ਕੰਪਿਊਟਰ | ਸਰੀਰਿਕ ਸਿੱਖਿਆ | ਸਮਾਜਿਕ ਸਿੱਖਿਆ | ਗਣਿਤ | ਹਿੰਦੀ | ਪੰਜਾਬੀ |
| 8. | 23.09.2013 | ਸੋਮਵਾਰ | ਅੰਗਰੇਜੀ | ਸਾਇੰਸ | ਸਾਇੰਸ | ਅੰਗਰੇਜੀ | ਹਿੰਦੀ | ਗਣਿਤ | ਅੰਗਰੇਜੀ |
| 9. | 24.09.2013 | ਮੰਗਲਵਾਰ | ਕੰਪਿਊਟਰ | ਚੋਣਵਾਂ ਵਿਸ਼ਾ | ਹਿੰਦੀ | ਸਰੀਰਿਕ ਸਿੱਖਿਆ | ਕੰਪਿਊਟਰ | - | - |
| 10. | 25.09.2013 | ਬੁੱਧਵਾਰ | ਚੋਣਵਾਂ ਵਿਸ਼ਾ | ਸਮਾਜਿਕ ਸਿੱਖਿਆ | - | - | - | - | - |

ਜਿਸ ਦਾ ਸਮਾਂ ਸਵੇਰੇ 11:00 ਵਜੇ ਤੋਂ ਦੁਪਹਿਰ 02.00 ਵਜੇ ਤੱਕ ਰਹੇਗਾ, ਪ੍ਰਾਇਮਰੀ ਸਕੂਲਾਂ ਵਿੱਚ ਮੁਲਾਂਕਣ ਦਾ ਸਮਾਂ 11:00 ਤੋਂ 01:00 ਵਜੇ ਤੱਕ ਰਹੇਗਾ, ਮੁਲਾਂਕਣ/ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਵਿਦਿਆਰਥੀ ਆਪਣੀਆਂ ਜਮਾਤਾਂ ਵਿੱਚ ਹੀ ਰਹਿਣਗੇ ਅਤੇ ਅਧਿਆਪਕ ਸਮਾਂ ਸਾਰਨੀ ਅਨੁਸਾਰ ਉਨ੍ਹਾਂ ਦੀ ਦੁਹਰਾਈ ਕਰਾਉਣਗੇ। ਸਕੂਲ ਦੇ ਅਨੁਸ਼ਾਸਨ ਦੀ ਜਿੰਮੇਵਾਰੀ ਪ੍ਰਿੰਸੀਪਲ/ਇੰਚਾਰਜ ਦੀ ਹੋਵੇਗੀ।

3.0 ਚੌਥੀ ਤੋਂ ਪੰਜਵੀਂ ਜਮਾਤ ਦੇ SA1 (ਸਤੰਬਰ) ਪੰਜ ਵਿਸ਼ਿਆ ਅੰਗਰੇਜੀ, ਹਿੰਦੀ, ਗਣਿਤ, ਵਾਤਾਵਰਨ ਸਿੱਖਿਆ ਅਤੇ ਪੰਜਾਬੀ ਦੇ ਮੁਲਾਂਕਣ ਟੂਲਜ਼ ਦੇ ਸੈਪਲਜ ਮੁੱਖ ਦਫਤਰ ਵੱਲੋਂ SSA ਦੀ ਵੈਬਸਾਈਟ ਤੇ ਅਗਸਤ 31,2013 ਤੱਕ ਪਾ ਦਿੱਤੇ ਜਾਣਗੇ । ਸਬੰਧਤ ਅਧਿਆਪਕ ਇਹਨਾਂ ਸੈਪਲਜ ਦੇ ਅਧਾਰ ਤੇ ਉਪਰੋਕਤ ਦਿੱਤੀ ਸਮਾਂ ਸਾਰਨੀਂ ਅਨੁਸਾਰ ਵਿਦਿਆਰਥੀਆਂ ਦਾ ਮੁਲਾਂਕਣ ਕਰਨਗੇ।

4.0 ਛੇਵੀਂ ਤੋਂ ਦਸਵੀਂ ਜਮਾਤ ਲਈ ਮੁੱਖ ਦਫਤਰ ਵੱਲੋਂ ਛੇ ਵਿਸ਼ਿਆ ਹਿੰਦੀ, ਪੰਜਾਬੀ, ਗਣਿਤ, ਵਿਗਿਆਨ, ਸਮਾਜਿਕ ਸਿੱਖਿਆ ਅਤੇ ਅੰਗਰੇਜੀ ਦੇ ਮੁਲਾਂਕਣ ਟੂਲਜ਼/ਪੇਪਰ ਮੁੱਖ ਦਫਤਰ ਵੱਲੋਂ ਉਪਰੋਕਤ ਦਿੱਤੀ ਸਮਾਂ ਸਾਰਨੀ ਅਨੁਸਾਰ ਪ੍ਰਿਸੀਪਲ/ਇੰਚਾਰਜ ਦੀ ਈ-ਮੇਲ ਤੇ ਸੰਬੰਧਤ ਵਿਸੇ ਦੇ ਤਿੰਨ ਸੈੱਟ ਭੇਜੇ ਜਾਣਗੇ, ਜਿਹਨਾਂ ਵਿੱਚੋਂ ਕਿਸੇ ਇੱਕ ਮੁਲਾਂਕਣ ਟੂਲ/ਪੇਪਰ ਰਾਹੀਂ ਵਿਦਿਆਰਥੀਆਂ ਦਾ ਮੁਲਾਂਕਣ ਕੀਤਾ ਜਾਵੇਗਾ। ਪ੍ਰਿਸੀਪਲ/ਇੰਚਾਰਜ ਆਪਣੀ ਈ-ਮੇਲ ਆਈਡੀ **E-Punjab Portal** ਉੱਤੇ **Infrastructure Module** ਅਧੀਨ **Update/Check** ਜ਼ਰੂਰ ਕਰ ਲੈਣ, ਇਸ ਬਾਰੇ **Detailed Insrtuctions** ਜਾਂ **Guidance** ਲਈ ਸ਼੍ਰੀ ਰਾਜਬੀਰ (ਡੀ.ਐਮ, ਐਮ.ਆਈ.ਐਸ) ਨਾਲ ਫ਼ੋਨ ਨੰਬਰ 0172-5212318 ਤੇ ਸੰਪਰਕ ਕੀਤਾ ਜਾ ਸਕਦਾ ਹੈ। **ਮੁਲਾਂਕਣ ਟੂਲ/ਪੇਪਰ ਦੀ Secrecy ਦੀ ਜਿੰਮੇਵਾਰੀ ਪ੍ਰਿਸੀਪਲ/ਇੰਚਾਰਜ ਦੀ ਹੋਵੇਗੀ।** ਮੁਲਾਕਣ ਟੂਲਜ/ਪੇਪਰ ਕਿਸੇ ਕਾਰਨਾਂ ਕਾਰਨ ਫੋਟੋ ਸਟੇਟ ਨਾਂ ਕਰਾਉਣ ਦੀ ਸੂਰਤ ਵਿੱਚ ਬਲੈਕ ਬੋਰਡ ਤੇ ਲਿਖਵਾਏ ਜਾ ਸਕਦੇ ਹਨ। ਬਾਕੀ ਸਾਰੇ ਵਿਸ਼ਿਆ ਦੇ ਵਿਸ਼ਾ ਅਧਿਆਪਕ ਆਪਣੇ ਵਿਸ਼ਿਆ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਤਿਆਰ ਕਰਨਗੇ।

5.0 ਕੰਪਿਊਟਰ ਅਧਿਆਪਕ ਆਪਣੇ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਤਿਆਰ ਕਰਨਗੇ। ਜਿਸਦਾ ਸਮਾਂ ਦੋ ਘੰਟੇ ਹੋਵੇਗਾ। ਕੁੱਲ ਅੰਕ 90 ਰੱਖੇ ਜਾਣ ਜਿਸ ਵਿੱਚੋਂ ਲਿਖਤੀ ਮੁਲਾਂਕਣ 50 ਅੰਕਾਂ ਦਾ ਅਤੇ ਪ੍ਰੈਕਟੀਕਲ ਮੁਲਾਂਕਣ 40 ਅੰਕਾਂ ਦਾ ਹੋਵੇਗਾ। ਪ੍ਰੈਕਟੀਕਲ ਮੁਲਾਂਕਣ ਲਿਖਤੀ ਮੁਲਾਂਕਣ ਤੋਂ ਪਹਿਲਾ ਮੁਕੰਮਲ ਕਰ ਲਿਆ ਜਾਵੇ।

6.0 ਸਾਇੰਸ/ਹਿਸਾਬ/ਚੋਣਵੇ ਵਿਸ਼ੇ ਦੇ ਪ੍ਰੈਕਟੀਕਲ ਵੀ ਸੰਬੰਧਤ ਅਧਿਆਪਕ ਵੱਲੋਂ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

7.0 ਗਿਆਰਵੀਂ, ਬਾਰ੍ਹਵੀਂ ਦੇ ਵਿਦਿਆਰਥੀਆਂ ਦੇ ਸਤੰਬਰ ਮਹੀਨੇ ਦੇ ਮੁਲਾਂਕਣ ਲਈ ਸਕੂਲ ਮੁੱਖੀ ਆਪਣੇ ਪੱਧਰ ਤੇ ਸਬੰਧਤ ਵਿਸ਼ਾ ਅਧਿਆਪਕ ਦੁਆਰਾ ਪਹਿਲਾ ਦੀ ਤਰ੍ਹਾ ਮੁਲਾਂਕਣ ਟੂਲਜ਼/ਪੇਪਰ ਤਿਆਰ ਕਰਵਾ ਲੈਣ ਅਤੇ ਸਕੂਲ ਮੁੱਖੀ ਆਪਣੇ ਪੱਧਰ ਤੇ ਗਿਆਰਵੀ, ਬਾਰਵੀ ਦੀਆਂ ਸਾਰੀਆਂ Streams ਲਈ ਸਮਾਂ ਸਾਰਣੀ ਜਾਰੀ ਕਰ ਦੇਣ।

7.0 ਗਿਆਰਵੀਂ, ਬਾਰ੍ਹਵੀ ਦੇ ਵਿਦਿਆਰਥੀਆਂ ਲਈ ਸਮਾਂ ਸਾਰਣੀ ਜਾਰੀ ਕਰਨ ਲੱਗਿਆ ਸਕੂਲ ਮੁੱਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ ਸਤੰਬਰ 13,2013 ਤੋਂ ਸ਼ੁਰੂ ਕੀਤਾ ਜਾਵੇ ਤਾਂ ਜੋ ਸਾਰੇ ਸਕੂਲ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ, ਉਹ ਲਿਖਤੀ ਪ੍ਰੀਖਿਆ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣ।

8.0 ਸਕੂਲ ਮੁੱਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ-ਮਿਲਣੀ (PTM) ਸਤੰਬਰ 30,2013 ਨੂੰ ਲਾਜ਼ਮੀ ਤੌਰ ਤੇ ਆਯੋਜਿਤ ਕਰਵਾਉਣਾ ਯਕੀਨੀ ਬਣਾਉਣ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀ ਦੇ ਭਵਿੱਖ ਲਈ ਸਕਾਰਤਮਕ ਸਿੱਟੇ ਨਿਕਲ ਸਕਣ।

9.0 ਸਮੂਹ ਸਕੂਲ ਮੁੱਖੀ ਜਮਾਤ ਇੰਚਾਰਜ ਦੁਆਰਾ ਉਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਦੁਹਰਾਈ ਕਰਵਾਉਣ ਲਈ ਵਿਸ਼ਾ ਅਧਿਆਪਕ ਨੂੰ ਦੁਹਰਾਈ ਚਾਰਟ ਬਣਾਉਣ ਦੀ ਹਦਾਇਤ ਕਰਨ।

10.0 ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

(signature)

**ਪ੍ਰਮੁੱਖ ਸਕੱਤਰ-ਕਮ-ਡੀ.ਜੀ.ਐਸ.ਈ**
**ਪੰਜਾਬ, ਅਜੀਤਗੜ੍ਹ**

ਪਿੱਠ ਅੰਕਣ ਨੰ. :ਸਸਅ/ਐਸ.ਐੱਸ/2013/ ਓਹੀ — ਮਿਤੀ : ਅਜੀਤਗੜ੍ਹ 29.8.2013

ਉਪਰੋਕਤ ਦਾ ਇੱਕ ਉਤਾਰਾ ਡੀ.ਐੱਮ. (ਐੱਮ.ਆਈ.ਐੱਸ) ਨੂੰ ਵੈਬਸਾਇਟ ਤੇ ਪਾਉਣ ਲਈ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(signature)

**ਪ੍ਰਮੁੱਖ ਸਕੱਤਰ-ਕਮ-ਡੀ.ਜੀ.ਐਸ.ਈ**
**ਪੰਜਾਬ, ਅਜੀਤਗੜ੍ਹ**